**'ਸ: ਪਾਲ ਸਿੰਘ ਪੁਰੇਵਾਲ ਨਾਲ ਵਿਚਾਰ' - ਇਸ ਸਿਰਲੇਖ ਥੱਲੇ ਹਫ਼ਤਾਵਾਰ ਅਖ਼ਬਾਰ 'ਚੜ੍ਹਦੀ ਕਲਾ'** (Surrey, Canada), **ਵਿੱਚ** ਸ: ਤਾਰਾ ਸਿੰਘ ਜੀ (ਕੈਲਗਰੀ-ਕੈਨੇਡਾ) ਵੱਲੋਂ ਪੱਤਰ ਛਪਿਆ ਸੀ, ਅਤੇ ਉਸ ਪੱਤਰ ਦੀ ਨਕਲ ਉਨ੍ਹਾਂ ਨੇ ਮੈਨੂੰ ਚਿੱਠੀ ਰਾਹੀਂ ਭੇਜੀ ਹੈ । ਉਨ੍ਹਾਂ ਦੇ ਇਤਰਾਜ਼ / ਸੁਝਾਅ ਅਤੇ ਮੇਰੇ ਵੱਲੋਂ ਉਤੱਰ ਪਾਠਕਾਂ ਲਈ ਦਰਜ ਹਨ । ਸ: ਤਾਰਾ ਸਿੰਘ ਜੀ ਦੀ ਚਿੱਠੀ ਦਾ ਮੂਲ-ਪਾਠ ਸਾਧਾਰਨ ਅੱਖਰਾਂ (normal type) ਵਿੱਚ ਅਤੇ ਮੇਰੇ ਉੱਤਰ ਮੋਟੇ ਅੱਖਰਾਂ (bold type) ਵਿੱਚ ਹਨ ।

**ਸ: ਤਾਰਾ ਸਿੰਘ ਜੀ ਦੀ ਚਿੱਠੀ ਦਾ ਮੂਲ-ਪਾਠ ਅਤੇ ਮੇਰੇ ਉੱਤਰ:**

ਜਿਹਨਾਂ ਤਰੀਕਾਂ ਦਾ ਸਾਨੂੰ ਅੰਗਰੇਜ਼ੀ ਕੈਲੰਡਰ (Gregory) ਰਾਹੀਂ ਗੁਰੂ ਸਾਹਿਬਾਨ ਬਾਰੇ ਪਤਾ ਹੈ ਮੇਰੇ ਆਪਣੇ ਤੁੱਛ ਵਿਚਾਰਾਂ ਰਾਹੀਂ ਸਾਨੂੰ ਜ਼ਰੂਰ ਉਹ ਤਰੀਕਾਂ ਗੁਰੂ ਸਾਹਿਬਾਨ ਦੇ ਗੁਰਪੁਰਬ, ਪਰਕਾਸ਼ ਉਤਸਵ ਅਤੇ ਸ਼ਹੀਦੀ ਪੁਰਬ ਮਨਾਉਣੇ ਚਾਹੀਦੇ ਹਨ । ਬਿਕਰਮੀ ਕੈਲੰਡਰ ਕਦੋਂ ਅਤੇ ਕਿਦਾਂ ਸ਼ੁਰੂ ਹੋਇਆ ਮੈਨੂੰ ਇਸ ਦੀ ਕੋਈ ਜਾਣਕਾਰੀ ਨਹੀ । ਹਾਂ ਇੰਨਾਂ ਜ਼ਰੂਰ ਪਤਾ ਹੈ ਕਿ Gregory ਅਤੇ ਬਿਕਰਮੀ ਕੈਲੰਡਰ ਵਿਚ 57 ਸਾਲ ਦਾ ਫਰਕ ਹੈ, ਸਿਖ ਇਤਿਹਾਸ ਲਿਖਾਰੀਆਂ ਖਾਸ ਕਰਕੇ 18ਵੀਂ ਅਤੇ 19ਵੀਂ ਸਦੀ ਵਾਲਿਆਂ ਨੇ ਬਿਕਰਮੀ ਕੈਲੰਡਰ ਦੀ ਹੀ ਵਰਤੋਂ ਕੀਤੀ । ਸ਼ਾਇਦ ਉਸ ਵੇਲੇ Gregory ਕੈਲੰਡਰ ਹਿੰਦੋਸਤਾਨ ਵਿਚ ਪਰਚਲਤ ਨਹੀਂ ਸੀ। ਇਹ ਤਾਂ ਅੰਗਰੇਜ਼ਾਂ ਦਾ ਰਾਜ 1757 ਵਿਚ ਪਲਾਸੀ ਅਤੇ 1758 ਵਿਚ ਬਕਸਰ (Bihar) ਦੀਆਂ ਲੜਾਈਆਂ ਪਿਛੋਂ ਹਿੰਦੋਸਤਾਨ ਵਿਚ ਲਾਗੂ ਕੀਤਾ ਗਿਆ । ਹੁਣ ਤਾਂ ਬਿਕਰਮੀ ਕੈਲੰਡਰ ਨੂੰ ਭਾਰਤ ਸਰਕਾਰ ਵੀ ਨਹੀਂ ਮੰਨਦੀ । ਉਹਨਾਂ ਭੀ ਸਾਕਾ ਕੈਲੰਡਰ ਲਾਗੂ ਕੀਤਾ ਹੋਇਆ ਹੈ ।

**ਉੱਤਰ: ਅਸੀਂ ਵੀ ਬਿਕਰਮੀ ਕੈਲੰਡਰ ਨੂੰ ਛੱਡ ਕੇ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣ ਦਾ ਉਪਰਾਲਾ ਕਰ ਰਹੇ ਹਾਂ । ਅਸੀਂ ਵੀ ਸੰਸਾਰ ਦੇ ਮੁੱਖ ਸੂਰਜੀ ਕੈਲੰਡਰਾਂ ਵਾਂਗ ਨਾਨਾਕਸ਼ਾਹੀ ਕੈਲੰਡਰ ਦੇ ਸਾਲ ਦੀ ਲੰਬਾਈ ਮੌਸਮੀ ਸਾਲ ਦੇ ਬਰਾਬਰ ਰੱਖੀ ਹੈ, ਜੋ ਕਿ ਅੱਜ-ਕੱਲ੍ਹ ਦੇ ਬਿਕਰਮੀ ਸਾਲ ਦੀ ਲੰਬਾਈ ਨਾਲੋਂ ਤਕਰੀਬਨ 20 ਮਿੰਟ ਘੱਟ ਹੈ । ਅੰਗਰੇਜ਼ਾਂ ਨੇ ਵੀ Gregorian ਕੈਲੰਡਰ ਨੂੰ ਇਸੇ ਲਈ ਹੀ ਅਪਣਾਇਆ ਸੀ ਕਿ ਉਸ ਵਿੱਚ ਸਾਲ ਦੀ ਲੰਬਾਈ ਮੌਸਮੀ ਸਾਲ ਦੀ ਲੰਬਾਈ ਦੇ ਬਰਾਬਰ ਕਰ ਦਿੱਤੀ ਗਈ ਸੀ । ਭਾਰਤ ਸਰਕਾਰ ਨੇ ਵੀ 1957 ਸੰਨ ਤੋਂ ਜੋ ਸ਼ਾਕਾ ਸੰਮਤ ਲਾਗੂ ਕੀਤਾ ਹੈ, ਉਸ ਦੇ ਸਾਲ ਦੀ ਲੰਬਾਈ ਬਿਕਰਮੀ ਸਾਲ ਦੀ ਲੰਬਾਈ ਨਾਲੋਂ ਬਦਲ ਕੇ ਮੌਸਮੀ ਸਾਲ ਦੀ ਲੰਬਾਈ ਦੇ ਬਰਾਬਰ ਕਰ ਦਿੱਤੀ ਸੀ ।**

ਪੰਥ ਵਿਚ ਪਹਿਲਾਂ ਹੀ ਗੁਰੂ ਸਾਹਿਬਾਨ ਦੇ ਗੁਰਪੁਰਬ ਬਾਰੇ ਬਹੁਤ ਵਾਦ ਵਿਵਾਦ ਛਿੜਿਆ ਹੋਇਆ ਹੈ । ਸ: ਕਰਮ ਸਿੰਘ ਹਿਸਟੋਰੀਅਨ ਨੇ ਪਹਿਲਾਂ ਹੀ "ਕਤਕ ਕਿ ਵੈਸਾਖ" ਲਿਖ ਕੇ ਅਜ ਤੋਂ ਕੋਈ 60-65 ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਕਾਸ਼ ਉਤਸਵ ਨੂੰ ਵਾਦ ਵਿਵਾਦ ਦਾ ਵਿਸ਼ਾ ਬਣਾਉਣ ਦੀ ਕੋਈ ਜਿਹੀ ਕੋਸ਼ਿਸ਼ ਕੀਤੀ । ਪਰ ਕਰਮ ਸਿੰਘ ਹਿਸਟੋਰੀਅਨ ਇਸ ਵਿਚ ਸਫਲ ਨਹੀਂ ਹੋ ਸਕੇ । ਬਹੁਤ ਸਾਰੇ ਸਿਖਾਂ ਨੂੰ ਤਾਂ ਇਸ ਕਿਤਾਬ ਬਾਰੇ ਉੱਕੀ ਹੀ ਜਾਣਕਾਰੀ ਨਹੀਂ ।

**ਉੱਤਰ : ਭਾਈ ਕਾਨ੍ਹ ਸਿੰਘ ਦੇ ਮਹਾਨ ਕੋਸ਼ ਵਿੱਚ,** B-40 ਜਨਮ ਸਾਖੀ ਵਿੱਚ, ਮਿਹਰਬਾਨ ਦੀ ਰਚਿਤ ਜਨਮ ਸਾਖੀ ਵਿੱਚ, ਪ੍ਰੋ: ਸਾਹਿਬ ਸਿੰਘ ਦੀ ਪੁਸਤਕ 'ਜੀਵਨ ਬ੍ਰਿਤਾਂਤ ਗੁਰੂ ਨਾਨਕ ਦੇਵ ਸਾਹਿਬ' ਵਿੱਚ, **Encyclopedia of Sikhism** ਵਿੱਚ, ਪ੍ਰਿੰ: ਸਤਿਬੀਰ ਸਿੰਘ ਦੀ ਪੁਸਤਕ 'ਸਾਡਾ ਇਤਿਹਾਸ' ਵਿੱਚ, ਅਤੇ ਹੋਰ ਬਹੁਤ ਸਾਰੀਆਂ ਪੁਸਤਕਾਂ ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ ਦੀ ਤਾਰੀਖ਼ ਵੈਸਾਖ ਮਹੀਨੇ ਦੀ ਹੀ ਦਿੱਤੀ ਹੈ । ਪੰਜਾਬੀ ਪੜ੍ਹਨ ਵਾਲੇ ਬਹੁਤ ਸਾਰੇ ਸਿੱਖਾਂ ਨੇ, ਹੋ ਸਕਦਾ ਹੈ, ਸ: ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ ਨਾਂਹ ਪੜ੍ਹੀ ਹੋਵੇ, ਪਰ ਪ੍ਰੋ: ਸਾਹਿਬ ਸਿੰਘ ਦੀਆਂ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਦੀਆਂ ਪੁਸਤਕਾਂ ਬੇਸ਼ੁਮਾਰ ਸਿੱਖਾਂ ਨੇ ਜ਼ਰੂਰ ਪੜ੍ਹੀਆਂ ਹੋਣਗੀਆਂ ।
**ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਬਾਰੇ ਮੇਰਾ ਖੋਜ ਪੱਤਰ ਅਖ਼ਬਾਰਾਂ, ਯੂਨੀਵਰਸਿਟੀਆਂ ਦੇ ਖੋਜ-ਰਸਾਲਿਆਂ, ਵਿਰਸਾ, ਅਤੇ ਗੁਰਮਤਿ ਪ੍ਰਕਾਸ਼ ਵਿੱਚ ਛਪ ਚੁੱਕਾ ਹੈ । ਇਸ ਵਿੱਚ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਵਸ 1526 ਬਿਕਰਮੀ - 1469 ਸੰਨ ਦੀ ਵੈਸਾਖੀ ਦਾ ਸਿੱਧ ਕੀਤਾ ਗਿਆ ਹੈ । ਇਹ ਪਰਚਾ 1995 ਸਤੰਬਰ ਵਿੱਚ ਵਿਸ਼ਵ ਸਿੱਖ ਸੰਮੇਲਨ ਦੌਰਾਨ ਇਤਿਹਾਸਕ ਸੈਮੀਨਾਰ ਤੇ SGPC ਵੱਲੋਂ ਵੰਡਿਆ ਵੀ ਗਿਆ ਸੀ ।**

1. ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ 29 ਮਈ 1606 ਨੂੰ ਹੋਈ ਸੀ । ਕਿਉਂਕਿ ਸਾਕਾ ਨੀਲਾ ਤਾਰਾ 4 ਜੂਨ 1984 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਹੋਇਆ ਸੀ । ਇਸ ਲਈ ਮੇਰੇ ਅਪਣੇ ਵਿਚਾਰ ਮੁਤਾਬਿਕ ਸਾਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 4 ਜੂਨ ਨੂੰ ਹੀ ਮਨਾਉਣਾ ਚਾਹੀਦਾ ਹੈ । ਇਸ ਤਰਾਂ ਸਾਕਾ ਨੀਲਾ ਤਾਰਾ ਦੀ ਯਾਦ ਭੀ ਸਾਡੇ ਦਿਲਾਂ ਨੂੰ ਟੁੰਬਦੀ ਰਵੇਗੀ ।

**ਉੱਤਰ: ਇਕ ਪਾਸੇ ਸ: ਤਾਰਾ ਸਿੰਘ ਜੀ ਕਹਿ ਰਹੇ ਹਨ ਕਿ ਗੁਰਪੁਰਬ ਅਸਲੀ ਤਾਰੀਖ਼ਾਂ ਤੇ ਮਨਾਉਣੇ ਚਾਹੀਦੇ ਹਨ, ਅਤੇ ਦੂਜੇ ਪਾਸੇ ਪੰਚਮ ਪਾਤਸ਼ਾਹ ਦੇ ਸ਼ਹੀਦੀ ਦਿਵਸ ਨੂੰ ਅਸਲੀ ਤਾਰੀਖ਼ ਤੋਂ ਬਦਲਨ ਲਈ ਕਹਿ ਰਹੇ ਹਨ । ਗੁਰੂ ਸਾਹਿਬ ਦਾ ਸ਼ਹੀਦੀ ਦਿਹਾੜਾ ਜੇਕਰ 4 ਜੂਨ ਨੂੰ ਨਹੀਂ ਵੀ ਆਉਂਦਾ, ਤਾਂ ਵੀ ਸਾਕਾ ਨੀਲਾ ਤਾਰਾ ਦੀ ਦਰਦਨਾਕ ਯਾਦ ਸਾਡੇ ਦਿਲਾਂ ਨੂੰ ਸਦਾ ਟੁੰਬਦੀ ਰਵ੍ਹੇਗੀ ।**
**ਗੁਰੂ ਸਾਹਿਬ ਦਾ ਸ਼ਹੀਦੀ ਦਿਵਸ 2 ਹਾੜ ਦਾ ਹੈ । ਉਸ ਦਿਨ 30 ਮਈ ਸੀ, 29 ਮਈ ਨਹੀਂ । ਜਿਨ੍ਹਾਂ ਕਾਰਨਾਂ ਕਰਕੇ 1699 ਜੂਲੀਅਨ ਸੰਨ ਵਾਲੀ ਵੈਸਾਖੀ 29 ਮਾਰਚ ਤੋਂ ਖਿਸਕ ਕੇ 13 / 14 ਅਪ੍ਰੈਲ Gregorian ਨੂੰ ਹੋ ਗਈ ਹੈ, ਉਨ੍ਹਾਂ ਕਾਰਨਾਂ ਕਰਕੇ ਹੀ 1606 ਜੂਲੀਅਨ ਸੰਨ ਦਾ 2 ਹਾੜ, 30 ਮਈ ਤੋਂ ਖਿਸਕ ਕੇ 16 ਜੂਨ Gregorian ਨੂੰ ਹੋ ਗਿਆ ਹੈ । ਨਾਨਕਸ਼ਾਹੀ ਕੈਲੰਡਰ ਵਿੱਚ 2 ਹਾੜ (ਸ਼ਹੀਦੀ ਦਿਹਾੜਾ) ਸਦਾ ਹੀ 16 ਜੂਨ ਨੂੰ ਹੋਵੇਗਾ ।**

2. ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ 11 ਨਵੰਬਰ 1675 ਨੂੰ ਹੋਈ ਸੀ । ਇਹ ਸ਼ਹੀਦੀ ਵੀ ਸਾਨੂੰ 11 ਨਵੰਬਰ ਨੂੰ ਹੀ ਮਨਾਉਣੀ ਚਾਹੀਦੀ ਹੈ ।

**ਉੱਤਰ : ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਵਸ 11 ਮੱਘਰ 1732 ਬਿਕਰਮੀ ਮੁਤਾਬਿਕ 11 ਨਵੰਬਰ 1675 ਜੂਲੀਅਨ ਸੰਨ ਦਾ ਹੈ । ਜਿਨ੍ਹਾਂ ਕਾਰਨਾਂ ਕਰਕੇ 1699 ਜੂਲੀਅਨ ਵਾਲੀ ਵੈਸਾਖੀ 29 ਮਾਰਚ ਤੋਂ ਖਿਸਕ ਕੇ 13 / 14 ਅਪ੍ਰੈਲ ਨੂੰ ਹੋ ਗਈ ਹੈ, ਉਨ੍ਹਾਂ ਕਰਕੇ ਹੀ 1675 ਜੂਲੀਅਨ ਸੰਨ ਦਾ 11 ਮੱਘਰ, 11 ਨਵੰਬਰ ਤੋਂ ਖਿਸਕ ਕੇ 24 ਨਵੰਬਰ Gregorian ਨੂੰ ਹੋ ਗਿਆ ਹੈ । ਨਾਨਕਸ਼ਾਹੀ ਕੈਲੰਡਰ ਵਿੱਚ 11 ਮੱਘਰ ਸਦਾ ਹੀ 24 ਨਵੰਬਰ ਨੂੰ ਆਵੇਗਾ ।**

3. ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਪੰਥ ਦੇ ਵਾਲੀ, ਅੰਮ੍ਰਿਤ ਕੇ ਦਾਤੇ ਦਾ ਪਰਕਾਸ਼ 22 ਦਸੰਬਰ 1666 ਨੂੰ ਹੋਇਆ ਸੀ (**7 ਪੋਹ 23 ਪੋਹ ਨਹੀਂ**)। ਅਸੀਂ ਹੁਣ ਵੀ ਤਾਂ ਕੁਝ ਸਿਖ ਇਤਿਹਾਸਿਕ ਦਿਹਾੜੇ Gregory ਕੈਲੰਡਰ ਮੁਤਾਬਿਕ ਮਨਾਉਂਦੇ ਹਾਂ, ਜਿਵੇਂ ਕਿ ਵਡੇ ਸਾਹਿਬਜ਼ਾਦਿਆਂ (ਬਾਬਾ ਅਜੀਤ ਸਿੰਘ – ਜੁਝਾਰ ਸਿੰਘ) ਦੀ ਸ਼ਹੀਦੀ 21 -22-23 ਦਸੰਬਰ ਨੂੰ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ – ਫਤਹ ਸਿੰਘ ਦੀ ਸ਼ਹੀਦੀ 26?(25)-26-27 ਦਸੰਬਰ ਨੂੰ ਕਰਮਵਾਰ ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਮਨਾਈ ਜਾਂਦੀ ਹੈ । ਇਸੇ ਤਰਾਂ ਹਰ ਸਾਲ ੧੩ ਜਨਵਰੀ ਨੂੰ ਮੁਕਤਸਰ ਸਾਹਿਬ ਵਿਖੇ ਮਨਾਈ ਜਾਂਦੀ ਹੈ (40 ਮੁਕਤਿਆਂ ਦੀ ਸ਼ਹੀਦੀ)

**ਉੱਤਰ : ਸਰਦਾਰ ਸਾਹਿਬ ਆਪ ਨੇ ਕਦੀ ਇਤਿਹਾਸ ਦੀਆਂ ਕਿਤਾਬਾਂ ਵਾਚੀਆਂ ਹਨ ? ਕੀ ਆਪ ਨੂੰ ਚੰਦਰਮਾਂ ਦੀਆਂ ਸੁਦੀਆਂ ਵਦੀਆਂ ਅਤੇ ਸੂਰਜੀ ਪਰਵਿਸ਼ਟਿਆਂ ਦੇ ਫਰਕ ਦਾ ਗਿਆਨ ਹੈ ? ਆਪ ਨੇ ਲਿਖ ਦਿੱਤਾ ਹੈ '7 ਪੋਹ 23 ਪੋਹ ਨਹੀਂ' । ਸਰਦਾਰ ਸਾਹਿਬ, ਗੁਰੂ ਸਾਹਿਬ ਦਾ ਪ੍ਰਕਾਸ਼ ਦਿਵਸ 23 ਪੋਹ ਸੂਰਜੀ ਬਿਕਰਮੀ ਤਾਰੀਖ਼ ਅਨੁਸਾਰ ਹੈ ਅਤੇ ਪੋਹ ਸੁਦੀ 7 ਚੰਦ੍ਰਮਾਂ ਤਿਥੀ ਅਨੁਸਾਰ (ਮਹਾਨ ਕੋਸ਼ ਵਿੱਚ 23 ਪੋਹ ਦੀ ਤਾਰੀਖ਼ ਪੋਹ ਸੁਦੀ 7, ਅਤੇ 22 ਦਸੰਬਰ ਨਾਲ ਦਰਜ ਹੈ) । ਅਸੀਂ ਨਾਨਕਸ਼ਾਹੀ ਕੈਲੰਡਰ ਵਿੱਚ ਸੂਰਜੀ ਕੈਲੰਡਰ ਪਰਨਾਲੀ ਨੂੰ ਮੁੱਖ ਰੱਖਿਆ ਹੈ, ਅਤੇ ਨਾਨਕਸ਼ਾਹੀ ਕੈਲੰਡਰ ਵਿੱਚ 23 ਪੋਹ ਦੀ ਤਾਰੀਖ਼ ਸਦਾ 5 ਜਨਵਰੀ ਨੂੰ ਹੋਵੇਗੀ । ਜਿਨ੍ਹਾਂ ਕਾਰਨਾਂ ਕਰਕੇ 1699 ਜੂਲੀਅਨ ਵਾਲੀ ਵੈਸਾਖੀ 29 ਮਾਰਚ ਤੋਂ ਖਿਸਕ ਕੇ 13 / 14 ਅਪ੍ਰੈਲ Gregorian ਨੂੰ ਹੋ ਗਈ ਹੈ, ਉਨ੍ਹਾਂ ਕਾਰਨਾਂ ਕਰਕੇ ਹੀ 1666 ਜੂਲੀਅਨ / 1723 ਬਿਕਰਮੀ ਦਾ 2 3 ਪੋਹ, 22 ਦਸੰਬਰ ਤੋਂ ਖਿਸਕ ਕੇ ਜਨਵਰੀ Gregorian ਦੇ ਪਹਿਲੇ ਹਫਤੇ ਵਿੱਚ ਚਲਾ ਗਿਆ ਹੈ । ਨਾਨਕਸ਼ਾਹੀ ਕੈਲੰਡਰ ਵਿੱਚ 23 ਪੋਹ ਸਦਾ ਹੀ 5 ਜਨਵਰੀ ਨੂੰ ਹੋਵੇਗਾ ।**

**ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਅੰਗ੍ਰੇਜ਼ੀ ਕੈਲੰਡਰ ਅਨੁਸਾਰ ਨਹੀਂ ਮਨਾਏ ਜਾਂਦੇ ਹਨ । ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ 8 ਪੋਹ ਦਾ ਹੈ, ਅਤੇ ਛੋਟੇ ਸਾਹਿਬਜ਼ਾਦਿਆਂ ਦਾ 13 ਪੋਹ ਦਾ । ਇਹ ਕਰਮਵਾਰ 8 ਪੋਹ ਅਤੇ 13 ਪੋਹ ਨੂੰ ਮਨਾਏ ਜਾਂਦੇ ਹਨ । ਪਿਛਲੀਆਂ ਜੰਤਰੀਆਂ ਵੇਖ ਲਓ – ਜੇ 8 ਪੋਹ 22 ਦਸੰਬਰ ਨੂੰ ਹੈ ਤਾਂ 22 ਦਸੰਬਰ ਦਾ ਸ਼ਹੀਦੀ ਦਿਵਸ ਦਰਜ ਹੈ ਅਤੇ ਜੇ 8 ਪੋਹ 21 ਦਸੰਬਰ ਨੂੰ ਹੈ ਤਾਂ 21 ਦਸੰਬਰ ਨੂੰ ਸ਼ਹੀਦੀ ਦਿਵਸ ਲਿਖਿਆ ਹੈ । ਕੀ ਆਪ ਨੂੰ ਪਤਾ ਹੈ ਕਿ ਚਮਕੌਰ ਸਾਹਿਬ ਦੇ ਜੰਗ ਦੇ ਦਿਨ 8 ਪੋਹ ਬਿਕ੍ਰਮੀ ਸੀ, ਅਤੇ ਅੰਗ੍ਰੇਜ਼ੀ ਤਾਰੀਖ਼ 7 ਦਸੰਬਰ ਜੂਲੀਅਨ ਸੀ ? ਇਸ ਲਈ ਆਪ ਜੀ ਦੇ ਕਥਨ ਅਨੁਸਾਰ ਤਾਂ ਇਹ 7 ਦਸੰਬਰ ਨੂੰ ਮਨਾਉਣਾ ਚਾਹੀਦਾ ਹੈ । ਜਿਨ੍ਹਾਂ ਕਾਰਨਾਂ ਕਰਕੇ 1699 ਜੂਲੀਅਨ ਵਾਲੀ ਵੈਸਾਖੀ 29 ਮਾਰਚ ਤੋਂ ਖਿਸਕ ਕੇ 13 / 14 ਅਪ੍ਰੈਲ ਨੂੰ ਹੋ ਗਈ ਹੈ, ਉਨ੍ਹਾਂ ਕਾਰਨਾਂ ਕਰਕੇ ਹੀ ਚਮਕੌਰ ਸਾਹਿਬ ਦੀ ਜੰਗ ਦੀ ਤਾਰੀਖ਼ 8 ਪੋਹ, 7 ਦਸੰਬਰ ਜੂਲੀਅਨ ਤੋਂ ਖਿਸਕ ਕੇ 21/22 ਦਸੰਬਰ Gregorian ਹੋ ਗਈ ਹੈ । ਨਾਨਕਸ਼ਾਹੀ ਕੈਲੰਡਰ ਵਿੱਚ 8 ਪੋਹ (ਸ਼ਹੀਦੀ ਦਿਹਾੜਾ) ਸਦਾ ਹੀ 21 ਦਸੰਬਰ ਨੂੰ ਹੋਵੇਗਾ, ਅਤੇ 13 ਪੋਹ ਸਦਾ 26 ਦਸੰਬਰ ਨੂੰ ।**

**ਕੀ ਆਪ ਨੂੰ ਪਤਾ ਹੈ ਕਿ ਬਿਕ੍ਰਮੀ ਕੈਲੰਡਰ ਵਿੱਚ ਦੇਸੀ ਮਹੀਨਿਆਂ ਦੀਆਂ ਸਾਰੀਆਂ ਤਾਰੀਖਾਂ ਅੰਗ੍ਰੇਜ਼ੀ ਕੈਲੰਡਰ ਵਿੱਚ ਹੌਲੀ ਹੌਲੀ ਖਿਸਕ ਰਹੀਆਂ ਹਨ ? 1878 ਸੰਨ ਵਿੱਚ ਮਾਘੀ 12 ਜਨਵਰੀ ਨੂੰ ਸੀ (1878 ਸੰਨ ਦੀ ਮੁਫ਼ੀਦ ਆਲਮ ਜੰਤਰੀ- (ਉਰਦੂ) ਮੇਰੀ ਨਿੱਜੀ ਲਾਇਬ੍ਰੇਰੀ ਵਿੱਚ ਹੈ), ਫਿਰ 13 ਜਨਵਰੀ ਨੂੰ ਹੋ ਗਈ, ਅਤੇ ਅੱਜ-ਕੱਲ 13 / 14 ਜਨਵਰੀ ਦਾ ਚੱਕਰ ਚੱਲ ਰਿਹਾ ਹੈ । ਜੇ ਆਪ ਦੇ ਕਥਨ ਅਨੁਸਾਰ 13 ਜਨਵਰੀ ਨੂੰ ਨਿਸਚਿਤ ਹੈ ਤਾਂ ਇਹ 1878 ਵਿੱਚ 12 ਜਨਵਰੀ ਨੂੰ ਕਿਵੇਂ ਸੀ, ਅਤੇ 1999 ਵਿੱਚ 14 ਜਨਵਰੀ ਨੂੰ ਕਿਵੇਂ ਸੀ ? ਆਪ ਨੂੰ ਚਾਹੀਦਾ ਸੀ ਕਿ ਕੈਲੰਡਰ ਬਾਰੇ ਲਿਖਣ ਤੋਂ ਪਹਿਲਾਂ ਜੰਤਰੀਆਂ ਦਾ ਮੁਤਾਲਿਆ ਕਰ ਲੈਂਦੇ । ਮਾਘੀ ਅੰਗ੍ਰੇਜ਼ੀ ਕੈਲੰਡਰ ਮੁਤਾਬਿਕ ਨਹੀਂ ਮਨਾਈ ਜਾਂਦੀ । ਇਹ 1 ਮਾਘ ਨੂੰ ਮਨਾਈ ਜਾਂਦੀ ਹੈ – ਅੰਗ੍ਰੇਜ਼ੀ ਤਾਰੀਖ ਜੋ ਵੀ 1 ਮਾਘ ਨੂੰ ਹੋਵੇ । ਨਾਨਕਸ਼ਾਹੀ ਕੈਲੰਡਰ ਵਿੱਚ 1 ਮਾਘ ਨੂੰ ਸਦਾ ਲਈ 13 ਜਨਵਰੀ ਤੇ ਨਿਸਚਿਤ ਕਰ ਦਿੱਤਾ ਹੈ, ਜਦਕਿ ਭਵਿੱਖ ਵਿੱਚ ਬਿਕ੍ਰਮੀ ਕੈਲੰਡਰ ਅਨੁਸਾਰ ਮਾਘੀ 15, 16,17,18 --- ਆਦਿ ਜਨਵਰੀ ਨੂੰ ਬਦਲਦੀ ਜਾਵੇਗੀ ।**

4. ਪੰਜ ਪਿਆਰੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਸੰਚਾਰ ਕਰਕੇ 30 ਮਾਰਚ 1699 ਨੂੰ ਸਾਜੇ ਸਨ । ਉਦੋਂ ਵੈਸਾਖੀ 30 ਮਾਰਚ ਨੂੰ ਸੀ । ਇਹ ਹੁਣ 13 ਅਪ੍ਰੈਲ ਨੂੰ ਕਿਵੇਂ ਆ ਗਈ । ਜਦੋਂ ਅੰਗ੍ਰੇਜ਼ ਦਾ ਰਾਜ ਹਿੰਦੁਸਥਾਨ ਵਿਚ ਸਥਾਪਤ ਹੋ ਗਿਆ ਤਦ ਪਛਮੀ ਵਿਗਿਅਨੀਆਂ ਨੇ ਸੂਰਜ ਅਤੇ ਧਰਤੀ ਦੇ ਆਪਸ ਦੇ ਚੱਕਰ ਦਾ ਹਿਸਾਬ ਲਾਇਆ ।ਪਛਮੀ ਵਿਗਿਅਨੀਆਂ ਦੇ ਹਿਸਾਬ ਨਾਲ 10 ਦਿਨ ਦਾ ਫਰਕ ਸੀ । ਇਕ ਦਮ ਕੈਲੰਡਰ ਦੀਆਂ ਤਰੀਕਾਂ 10 ਦਿਨ ਅੱਗੇ ਕਰ ਦਿੱਤੀਆਂ ਗਈਆਂ । ਇਹ 3 ਦਿਨ ਦਾ ਫਰਕ ਬਿਕਰਮੀ ਦੇ ਹਿਸਾਬ ਨਾਲ ਤਿਥਾਂ ਦਾ ਅਗੇ ਪਿਛੇ ਹੋਣ ਕਰਕੇ ਪੈਂਦਾ ਹੈ । ਉਂਝ ਬਿਕਰਮੀ ਕੈਲੰਡਰ ਨੂੰ 13 ਜਨਵਰੀ ਅਤੇ 13 ਅਪ੍ਰੈਲ ਨੂੰ Gregory ਕੈਲੰਡਰ ਨਾਲ ਬਰਾਬਰ ਕਰ ਲਿਆ ਜਾਂਦਾ ਹੈ ।

ਉੱਤਰ : 1699 ਜੁਲੀਅਨ ਦੀ ਵੈਸਾਖੀ 30 ਮਾਰਚ ਨੂੰ ਨਹੀ ਸੀ ਬਲਕਿ 29 ਮਾਰਚ ਨੂੰ । 1752 ਨੂੰ ਅੰਗ੍ਰੇਜ਼ਾਂ ਨੇ ਨਵੇਂ ਕੈਲੰਡਰ ਨੂੰ ਪੁਰਾਣੇ ਵਿੱਚ 11 ਤਾਰੀਖ਼ਾਂ ਵਧਾ ਕੇ ਲਾਗੂ ਕੀਤਾ ਸੀ - 10 ਨਹੀਂ । ਬਾਕੀ ਦਿਨਾਂ ਦਾ ਫ਼ਰਕ ਬਿਕਰਮੀ ਦੇ ਹਿਸਾਬ ਨਾਲ ਤਿਥਾਂ ਦਾ ਅਗੇ ਪਿਛੇ ਹੋਣ ਕਰਕੇ ਨਹੀਂ ਹੈ, ਬਲਕਿ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਮੌਸਮੀ ਸਾਲ ਨਾਲੋਂ 20 ਮਿੰਟ ਵੱਧ ਹੋਣ ਕਰਕੇ ਹੈ, ਜਦਕਿ Gregorian ਕੈਲੰਡਰ ਦੇ ਸਾਲ ਦੀ ਔਸਤ ਲੰਬਾਈ ਮੌਸਮੀ ਸਾਲ ਦੀ ਲੰਬਾਈ ਨਾਲੋਂ ਕੇਵਲ ੨੬ ਸੈਕੰਡ ਵੱਧ ਹੈ । 13 ਜਨਵਰੀ ਅਤੇ 13 ਅਪ੍ਰੈਲ ਨੂੰ ਬਿਕ੍ਰਮੀ ਕੈਲੰਡਰ ਨੂੰ ਕਦੇ ਵੀ Gregorian ਕੈਲੰਡਰ ਨਾਲ ਬਰਾਬਰ ਨਹੀਂ ਕੀਤਾ ਗਿਆ, ਅਤੇ ਨਾਂਹ ਹੀ ਕੀਤਾ ਜਾਂਦਾ ਹੈ । 1971, 1975,1979,1983,1987,1991,1995,1999 ਵਿੱਚ ਵੈਸਾਖੀ ਬਿਕ੍ਰਮੀ ਕੈਲੰਡਰ ਅਨੁਸਾਰ 14 ਅਪ੍ਰੈਲ ਨੂੰ ਸੀ । ਇਸ ਨੂੰ ਜੰਤਰੀਆਂ ਤੋਂ ਵੇਖਿਆ ਜਾ ਸਕਦਾ ਹੈ । 2003, 2006,2007 ਸੰਨ ਨੂੰ ਵੀ ਵੈਸਾਖੀ 14 ਅਪ੍ਰੈਲ ਨੂੰ ਆਵੇਗੀ, ਅਤੇ ਹੌਲੀ ਹੌਲੀ ਇਸ ਦੀ ਅੰਗਰੇਜ਼ੀ ਤਾਰੀਖ਼ 15 ਅਪ੍ਰੈਲ, 16 ਅਪ੍ਰੈਲ -- ਵਧਦੀ ਹੀ ਜਾਵੇਗੀ । ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ 11 ਅਪ੍ਰੈਲ ਵਿਸਾਖੀ ਵਾਲੇ ਦਿਨ ਸੀ । 1878 ਸੰਨ ਵਿੱਚ ਵਿਸਾਖੀ 11 ਅਪ੍ਰੈਲ ਨੂੰ ਸੀ, ਅਤੇ 1940 ਵਿੱਚ 12 ਅਪ੍ਰੈਲ ਨੂੰ । ਕਦੇ ਵੀ ਵੈਸਾਖੀ ਨੂੰ 13 ਅਪ੍ਰੈਲ ਨਾਲ ਮੇਲਣ ਦਾ ਜਤਨ ਕਿਸੇ ਜੰਤਰੀਕਾਰ ਨੇ ਨਹੀਂ ਕੀਤਾ । ਕੀ ਆਪ ਦੱਸ ਸਕਦੇ ਹੋ ਕਿ ਇਹ ਗੱਲ ਆਪ ਨੇ ਕਿਸ ਪੰਡਿਤ ਜਾਂ ਕਿਸ ਜੰਤਰੀ-ਕਰਤਾ ਤੋਂ ਪ੍ਰਾਪਤ ਕੀਤੀ ਹੈ ? ਨਾਨਕਸ਼ਾਹੀ ਕੈਲੰਡਰ ਵਿੱਚ ਅਸੀਂ ਜ਼ਰੂਰ ਵੈਸਾਖੀ ਨੂੰ ਸਦਾ ਲਈ 14 ਅਪ੍ਰੈਲ ਦੀ ਤਾਰੀਖ਼ ਤੇ ਨਿਸਚਿਤ ਕਰ ਦਿੱਤਾ ਹੈ ।

ਪਾਲ ਸਿੰਘ ਪੁਰੇਵਾਲ
21 ਮਈ 2001